ਮਿੱਠੇ ਬੱਚੇ:- ਗ੍ਰੇਟ ਗ੍ਰੇਟ ਗ੍ਰੈਂਡ ਫਾਦਰ ਮਤਲਬ ਸਰਵ ਧਰਮ ਪਿਤਾਵਾਂ ਦਾ ਵੀ ਆਦਿ ਪਿਤਾ ਹੈ ਪ੍ਰਜਾਪਿਤਾ ਬ੍ਰਹਮਾ , ਜਿਸ ਦੇ ਆਕੂਪੇਸ਼ਨ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ "

ਪ੍ਰਸ਼ਨ:- ਕਰਮਾਂ ਨੂੰ ਸ਼੍ਰੇਸ਼ਠ ਬਣਾਉਣ ਦੀ ਯੁਕਤੀ ਕੀ ਹੈ?

ਉੱਤਰ:- ਇਸ ਜਨਮ ਦਾ ਕੋਈ ਵੀ ਕਰਮ ਬਾਪ ਤੋਂ ਛਿਪਾਓ ਨਹੀ, ਸ਼੍ਰੀਮਤ ਦੇ ਅਨੁਸਾਰ ਕਰਮ ਕਰੋ ਤਾਂ ਹਰ ਕਰਮ ਸ਼੍ਰੇਸ਼ਠ ਹੋਵੇਗਾ। ਸਾਰਾ ਮਦਾਰ ਕਰਮਾਂ ਦੇ ਉੱਪਰ ਹੈ। ਜੇ ਕੋਈ ਪਾਪ ਕਰਮ ਕਰਕੇ ਛਿਪਾ ਲੈਂਦੇ ਤਾਂ ਉਸ ਦਾ 100 ਗੁਣਾ ਦੰਡ ਪੈਂਦਾ ਹੈ, ਪਾਪ ਵ੍ਰਿਧੀ ਨੂੰ ਪਾਉਂਦੇ ਰਹਿੰਦੇ ਹਨ, ਬਾਪ ਤੋਂ ਯੋਗ ਟੁੱਟ ਜਾਂਦਾ ਹੈ। ਫਿਰ ਇਵੇਂ ਛਿਪਾਉਣ ਵਾਲਿਆਂ ਦੀ ਸਤਿਆਨਾਸ਼ ਹੋ ਜਾਂਦੀ ਹੈ, ਇਸਲਈ ਸੱਚੇ ਬਾਪ ਦੇ ਨਾਲ ਸੱਚੇ ਰਹੋ

ਓਮ ਸ਼ਾਂਤੀ। ਮਿੱਠੇ - ਮਿੱਠੇ ਸਿੱਕੀਲਧੇ ਬੱਚੇ ਇਹ ਤਾਂ ਸਮਝਦੇ ਹਨ ਇਸ ਪੁਰਾਣੀ ਦੁਨੀਆਂ ਵਿੱਚ ਹੁਣ ਥੋੜੇ ਦਿਨ ਦੇ ਅਸੀਂ ਮੁਸਾਫ਼ਿਰ ਹਾਂ। ਦੁਨੀਆਂ ਦੇ ਮਨੁੱਖ ਤਾਂ ਸਮਝਦੇ ਹਨ 40 ਹਜ਼ਾਰ ਵਰ੍ਹੇ ਇੱਥੇ ਹੋਰ ਰਹਿਣ ਦਾ ਹੈ। ਤੁਸੀਂ ਬੱਚਿਆਂ ਨੂੰ ਤਾਂ ਨਿਸ਼ਚਾ ਹੈ ਨਾ। ਇਹ ਗੱਲਾਂ ਭੁੱਲੋ ਨਹੀਂ। ਇੱਥੇ ਬੈਠੇ ਹੋ ਤਾਂ ਤੁਸੀਂ ਬੱਚਿਆਂ ਨੂੰ ਅੰਦਰ ਵਿੱਚ ਬਹੁਤ ਗਦਗਦ ਹੋਣਾ ਚਾਹੀਦਾ ਹੈ। ਇਨ੍ਹਾਂ ਅੱਖਾਂ ਤੋਂ ਜੋ ਕੁਝ ਵੇਖਦੇ ਹੋ ਇਹ ਤਾਂ ਵਿਨਾਸ਼ ਹੋਣ ਦਾ ਹੈ। ਆਤਮਾ ਤਾਂ ਅਵਿਨਾਸ਼ੀ ਹੈ। ਇਹ ਵੀ ਬੁੱਧੀ ਵਿੱਚ ਹੈ ਅਸੀਂ ਆਤਮਾ ਨੇ ਪੂਰੇ 84 ਜਨਮ ਲੀਤੇ ਹਨ, ਹੁਣ ਬਾਪ ਆਇਆ ਹੈ ਲੈ ਜਾਣ ਦੇ ਲਈ। ਪੁਰਾਣੀ ਦੁਨੀਆਂ ਜੱਦ ਪੂਰੀ ਹੁੰਦੀ ਹੈ ਤੱਦ ਬਾਪ ਆਉਂਦੇ ਹਨ ਨਵੀਂ ਦੁਨੀਆਂ ਬਨਾਉਣ। ਨਵੀਂ ਦੁਨੀਆਂ ਤੋਂ ਪੁਰਾਣੀ, ਫਿਰ ਪੁਰਾਣੀ ਦੁਨੀਆਂ ਤੋਂ ਨਵੀਂ ਦੁਨੀਆਂ, ਇਸ ਚੱਕਰ ਦਾ ਤੁਹਾਡੀ ਬੁੱਧੀ ਵਿਚ ਗਿਆਨ ਹੈ। ਕਈ ਵਾਰ ਅਸੀਂ ਇਹ ਚੱਕਰ ਲਗਾਇਆ ਹੈ। ਹੁਣ ਇਹ ਚੱਕਰ ਪੂਰਾ ਹੁੰਦਾ ਹੈ। ਫਿਰ ਨਵੀਂ ਦੁਨੀਆਂ ਵਿੱਚ ਅਸੀਂ ਥੋੜੇ ਜਿਹੇ ਦੇਵਤਾ ਹੀ ਰਹਾਂਗੇ। ਮਨੁੱਖ ਨਹੀਂ ਹੋਣਗੇ। ਹੁਣ ਅਸੀਂ ਮਨੁੱਖ ਤੋਂ ਦੇਵਤਾ ਬਣ ਰਹੇ ਹਾਂ। ਇਹ ਤਾਂ ਪੱਕਾ ਨਿਸ਼ਚਾ ਹੈ ਨਾ। ਬਾਕੀ ਕਰਮਾਂ ਤੇ ਹੀ ਸਾਰਾ ਮਦਾਰ ਹੈ। ਮਨੁੱਖ ਉਲਟਾ ਕਰਮ ਕਰਦੇ ਹਨ ਤਾਂ ਉਹ ਅੰਦਰ ਖਾਂਦਾ ਜਰੂਰ ਹੈ ਇਸਲਈ ਬਾਪ ਪੁੱਛਦੇ ਹਨ ਇਸ ਜਨਮ ਕੋਈ ਪਾਪ ਤਾਂ ਨਹੀਂ ਕੀਤਾ ਹੈ? ਇਹ ਹੈ ਛੀ - ਛੀ ਰਾਵਣ ਰਾਜ। ਇਹ ਵੀ ਤੁਸੀਂ ਸਮਝਦੇ ਹੋ। ਦੁਨੀਆਂ ਨਹੀਂ ਜਾਣਦੀ ਕਿ ਰਾਵਣ ਕਿਸ ਚੀਜ਼ ਦਾ ਨਾਮ ਹੈ। ਬਾਪੂਜੀ ਕਹਿੰਦੇ ਸੀ ਰਾਮਰਾਜ ਚਾਹੀਦਾ ਹੈ ਪਰ ਮਤਲਬ ਨਹੀਂ ਸਮਝਦੇ ਸੀ। ਹੁਣ ਬੇਹੱਦ ਦਾ ਬਾਪ ਸਮਝਾਉਂਦੇ ਹਨ ਰਾਮਰਾਜ ਕਿਸ ਤਰ੍ਹਾਂ ਦਾ ਹੁੰਦਾ ਹੈ। ਇਹ ਤਾਂ ਧੁੰਧਕਾਰੀ ਦੁਨੀਆਂ ਹੈ। ਹੁਣ ਬੇਹੱਦ ਦਾ ਬਾਪ ਬੱਚਿਆਂ ਨੂੰ ਵਰਸਾ ਦੇ ਰਹੇ ਹਨ। ਹੁਣ ਤੁਸੀਂ ਭਗਤੀ ਨਹੀਂ ਕਰਦੇ ਹੋ। ਹੁਣ ਬਾਪ ਦਾ ਹੱਥ ਮਿਲਿਆ ਹੈ। ਬਾਪ ਦੇ ਸਹਾਰੇ ਬਗੈਰ ਤੁਸੀਂ ਵਿਸ਼ੇ ਵੈਤਰਨੀ ਨਦੀ ਵਿੱਚ ਗੋਤੇ ਖਾਂਦੇ ਰਹਿੰਦੇ ਸੀ, ਅੱਧਾਕਲਪ ਹੈ ਹੀ ਭਗਤੀ। ਗਿਆਨ ਮਿਲਣ ਨਾਲ ਤੁਸੀਂ ਨਵੀਂ ਦੁਨੀਆਂ ਸਤਿਯੁਗ ਵਿੱਚ ਜਾਣਾ ਹੈ। ਹੁਣ ਤੁਸੀਂ ਬੱਚਿਆਂ ਨੂੰ ਇਹ ਨਿਸ਼ਚਾ ਹੈ - ਅਸੀਂ ਬਾਬਾ ਨੂੰ ਯਾਦ ਕਰਦੇ - ਕਰਦੇ ਪਵਿੱਤਰ ਬਣ ਜਾਵਾਂਗੇ, ਪਵਿੱਤਰ ਰਾਜ ਵਿੱਚ ਆਵਾਂਗੇ। ਇਹ ਗਿਆਨ ਵੀ ਹੁਣ ਪੁਰਸ਼ੋਤਮ ਸੰਗਮਯੁਗ ਤੇ ਤੁਹਾਨੂੰ ਮਿਲਦਾ ਹੈ। ਇਹ ਹੈ ਪੁਰਸ਼ੋਤਮ ਸੰਗਮਯੁਗ। ਜੱਦ ਕਿ ਤੁਸੀਂ ਛੀ - ਛੀ ਤੋਂ ਗੁਲ - ਗੁਲ, ਕੰਡਿਆਂ ਤੋਂ ਫੁੱਲ ਬਣ ਰਹੇ ਹੋ। ਕੌਣ ਬਣਾਉਂਦੇ ਹਨ? ਬਾਪ ਨੂੰ ਜਾਣਿਆ ਹੈ। ਅਸੀਂ ਆਤਮਾਵਾਂ ਦਾ ਉਹ ਬੇਹੱਦ ਦਾ ਬਾਪ ਹੈ। ਲੌਕਿਕ ਬਾਪ ਨੂੰ ਬੇਹੱਦ ਦਾ ਬਾਪ ਨਹੀਂ ਕਹਿੰਦੇ। ਪਾਰਲੌਕਿਕ ਬਾਪ ਆਤਮਾਵਾਂ ਦੇ ਹਿਸਾਬ ਨਾਲ ਸਭ ਦਾ ਬਾਪ ਹੈ। ਫਿਰ ਬ੍ਰਹਮਾ ਦਾ ਵੀ ਆਕੂਪੇਸ਼ਨ ਚਾਹੀਦਾ ਹੈ ਨਾ। ਤੁਸੀਂ ਬੱਚੇ ਸਭ ਦਾ ਆਕੂਪੇਸ਼ਨ ਜਾਣ ਚੁਕੇ ਹੋ। ਵਿਸ਼ਨੂੰ ਦੇ ਵੀ ਆਕੂਪੇਸ਼ਨ ਨੂੰ ਜਾਣਦੇ ਹੋ। ਕਿੰਨਾ ਸਜਿਆ ਹੋਇਆ ਹੈ। ਸ੍ਵਰਗ ਦਾ ਮਾਲਿਕ ਹੈ ਨਾ। ਇਹ ਤਾਂ ਸੰਗਮ ਦਾ ਹੀ ਕਹਾਂਗੇ। ਮੂਲਵਤਨ, ਸੁਖ਼ਸ਼ਮਵਤਨ, ਸਥੂਲਵਤਨ, ਉਹ ਵੀ ਸੰਗਮ ਵਿੱਚ ਆਉਂਦੇ ਹਨ ਨਾ। ਬਾਪ ਸਮਝਾਉਂਦੇ ਹਨ ਪੁਰਾਣੀ ਦੁਨੀਆਂ ਅਤੇ ਨਵੀਂ ਦੁਨੀਆਂ ਦਾ ਇਹ ਸੰਗਮ ਹੈ। ਪੁਕਾਰਦੇ ਵੀ ਹਨ - ਹੇ ਪਤਿਤ - ਪਾਵਨ ਆਓ। ਪਾਵਨ ਦੁਨੀਆਂ ਹੈ ਨਵੀਂ ਦੁਨੀਆਂ ਅਤੇ ਪਤਿਤ ਦੁਨੀਆਂ ਹੈ ਪੁਰਾਣੀ ਦੁਨੀਆਂ। ਇਹ ਵੀ ਜਾਣਦੇ ਹੋ ਬੇਹੱਦ ਦੇ ਬਾਪ ਦਾ ਵੀ ਪਾਰ੍ਹ ਹੈ। ਕ੍ਰਿਏਟਰ, ਡਾਇਰੈਕਟਰ ਹੈ ਨਾ। ਸਭ ਮੰਨਦੇ ਹੈ ਤਾਂ ਜਰੂਰ ਉਨ੍ਹਾਂ ਦੀ ਕੋਈ ਐਕਟੀਵਿਟੀ ਹੋਵੇਗੀ ਨਾ! ਉਨ੍ਹਾਂ ਨੂੰ ਆਦਮੀ ਨਹੀਂ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਤਾਂ ਸ਼ਰੀਰ ਹੀ ਨਹੀਂ ਹੈ। ਇਹ ਤਾਂ ਟੈਂਪਰੇਰੀ ਲੀਤਾ ਹੈ। ਬਾਪ ਕਹਿੰਦੇ ਹਨ ਮਿੱਠੇ - ਮਿੱਠੇ ਬੱਚਿਆਂ ਨੂੰ ਮੈਂ ਸ਼ਰੀਰ ਬਗੈਰ ਰਾਜਯੋਗ ਕਿਵੇਂ ਸਿਖਾਵਾਂ! ਮੈਨੂੰ ਮਨੁੱਖਾਂ ਨੇ ਠਿੱਕਰ - ਭਿੱਤਰ ਵਿੱਚ ਕਹਿ ਦਿੱਤਾ ਹੈ, ਪਰ ਹੁਣ ਤਾਂ ਤੁਸੀਂ ਬੱਚੇ ਸਮਝਦੇ ਹੋ ਮੈਂ ਕਿਵੇਂ ਆਉਂਦਾ ਹਾਂ। ਹੁਣ ਤੁਸੀਂ ਰਾਜਯੋਗ ਸਿੱਖ ਰਹੇ ਹੋ। ਕੋਈ ਮਨੁੱਖ ਤਾਂ ਸਿਖਾ ਨਾ ਸਕੇ। ਦੇਵਤਾਵਾਂ ਨੇ ਸਤਿਯੁਗੀ ਰਜਾਈ ਕਿਵੇਂ ਲੀਤੀ? ਜਰੂਰ ਪੁਰਸ਼ੋਤਮ ਸੰਗਮਯੁਗ ਤੇ ਰਾਜਯੋਗ ਸਿੱਖੇ ਹੋਣਗੇ । ਤਾਂ ਇਹ ਸਿਮਰਨ ਕਰ ਹੁਣ ਤੁਸੀਂ ਬੱਚਿਆਂ ਨੂੰ ਅਥਾਹ ਖੁਸ਼ੀ ਹੋਣੀ ਚਾਹੀਦੀ ਹੈ। ਅਸੀਂ ਹੁਣ 84 ਜਨਮਾਂ ਦਾ ਚੱਕਰ ਪੂਰਾ ਕੀਤਾ ਹੈ। ਬਾਪ ਕਲਪ - ਕਲਪ ਆਉਂਦੇ ਹਨ। ਬਾਪ ਆਪ ਕਹਿੰਦੇ ਹਨ ਇਹ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। ਸ਼੍ਰੀਕ੍ਰਿਸ਼ਨ ਜੋ ਪ੍ਰਿੰਸ ਸੀ ਸਤਿਯੁਗ ਦਾ, ਉਹ ਹੀ ਫਿਰ 84 ਦਾ ਚੱਕਰ ਲਗਾਉਂਦੇ ਹਨ। ਤੁਸੀਂ ਸ਼ਿਵ ਦੇ ਤਾਂ 84 ਜਨਮ ਦੱਸੋਗੇ ਨਹੀਂ। ਤੁਹਾਡੇ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ। ਮਾਇਆ ਬਹੁਤ ਕੜੀ ਹੈ, ਕਿਸੇ ਨੂੰ ਵੀ ਛੱਡਦੀ ਨਹੀਂ। ਇਹ ਬਾਪ ਚੰਗੀ ਰੀਤੀ ਜਾਣਦੇ ਹਨ। ਇਵੇਂ ਨਾ ਸਮਝੋ ਬਾਪ ਕੋਈ ਅੰਤਰਮਈ ਹੈ। ਨਹੀਂ। ਸਭ ਦੀ ਐਕਟੀਵਿਟੀ ਤੋਂ ਜਾਣਦੇ ਹਨ। ਸਮਾਚਾਰ ਆਉਂਦੇ ਹਨ - ਮਾਇਆ ਇੱਕਦਮ ਕੱਚਾ ਟਿੱਡ ਵਿੱਚ ਪਾ ਦਿੰਦੀ ਹੈ। ਇਵੇਂ ਬਹੁਤ ਗੱਲਾਂ ਤੁਸੀਂ ਬੱਚਿਆਂ ਨੂੰ ਪਤਾ ਨਹੀਂ ਪੈਂਦੀਆਂ, ਬਾਪ ਨੂੰ ਤਾਂ ਸਭ ਪਤਾ ਪੈਂਦਾ ਹੈ। ਮਨੁੱਖ ਫਿਰ ਸਮਝਦੇ ਹਨ ਬਾਬਾ ਅੰਤਰਯਾਮੀ ਹੈ। ਬਾਪ ਕਹਿੰਦੇ ਹਨ ਮੈਂ

ਅੰਤਰਯਾਮੀ ਨਹੀਂ ਹਾਂ। ਹਰ ਇੱਕ ਦੀ ਚਲਣ ਨਾਲ ਸਭ ਪਤਾ ਪੈਂਦਾ ਹੈ। ਬਹੁਤ ਛੀ - ਛੀ ਚਲਨ ਚਲਦੇ ਹਨ। ਬਾਪ ਬੱਚਿਆਂ ਨੂੰ ਖ਼ਬਰਦਾਰ ਕਰਦੇ ਹਨ। ਮਾਇਆ ਤੋਂ ਸੰਭਲਣਾ ਹੈ। ਮਾਇਆ ਇਵੇਂ ਹੈ ਕਿਸੇ ਨਾ ਕਿਸੇ ਰੂਪ ਵਿੱਚ ਇੱਕਦਮ ਹਪ ਕਰ ਲੈਂਦੀ ਹੈ। ਫਿਰ ਭਾਵੇਂ ਬਾਪ ਸਮਝਾਉਂਦੇ ਹਨ ਤਾਂ ਵੀ ਬੁੱਧੀ ਵਿੱਚ ਨਹੀਂ ਬੈਠਦਾ ਇਸਲਈ ਬੱਚਿਆਂ ਨੂੰ ਬਹੁਤ ਖ਼ਬਰਦਾਰ ਰਹਿਣਾ ਹੈ। ਕਾਮ ਮਹਾਸ਼ਤ੍ਰੂ ਹੈ। ਪਤਾ ਵੀ ਨਾ ਪਵੇ ਕਿ ਅਸੀਂ ਵਿਕਾਰ ਵਿੱਚ ਗਏ ਹਾਂ, ਇਵੇਂ ਵੀ ਹੁੰਦਾ ਹੈ ਇਸਲਈ ਬਾਪ ਕਹਿੰਦੇ ਹਨ ਕੁਝ ਵੀ ਭੁੱਲ ਆਦਿ ਹੁੰਦੀ ਹੈ ਤਾਂ , ਛਿਪਾਓ ਨਾ। ਨਹੀਂ ਤਾਂ ਸੌ ਗੁਣਾ ਪਾਪ ਹੋ ਜਾਏਗਾ, ਜੋ ਅੰਦਰ ਵਿੱਚ ਖਾਂਦਾ ਰਹੇਗਾ ਇੱਕਦਮ ਡਿੱਗ ਪੈਣਗੇ। ਸੱਚੇ ਬਾਪ ਦੇ ਨਾਲ ਬਿਲਕੁਲ ਸੱਚਾ ਹੋਣਾ ਚਾਹੀਦਾ, ਨਹੀਂ ਤਾਂ ਬਹੁਤ - ਬਹੁਤ ਘਾਟਾ ਹੈ। ਮਾਇਆ ਇਸ ਸਮੇਂ ਤਾਂ ਬਹੁਤ ਕੜੀ ਹੈ। ਇਹ ਰਾਵਣ ਦੀ ਦੁਨੀਆਂ ਹੈ। ਅਸੀਂ ਇਸ ਪੁਰਾਣੀ ਦੁਨੀਆਂ ਨੂੰ ਯਾਦ ਹੀ ਕਿਓਂ ਕਰੀਏ! ਅਸੀਂ ਤਾਂ ਨਵੀਂ ਦੁਨੀਆਂ ਨੂੰ ਯਾਦ ਕਰੀਏ, ਜਿੱਥੇ ਹੁਣ ਜਾ ਰਹੇ ਹਾਂ। ਬਾਪ ਨਵਾਂ ਮਕਾਨ ਬਣਾਉਂਦੇ ਹੈ ਤਾਂ ਬੱਚੇ ਸਮਝਦੇ ਹੈ ਨਾ ਸਾਡੇ ਲਈ ਮਕਾਨ ਬਣ ਰਿਹਾ ਹੈ। ਖੁਸ਼ੀ ਰਹਿੰਦੀ ਹੈ। ਇਹ ਹੈ ਬੇਹੱਦ ਦੀ ਗੱਲ। ਸਾਡੇ ਲਈ ਨਵੀਂ ਦੁਨੀਆਂ ਸ੍ਵਰਗ ਬਣ ਰਹੀ ਹੈ। ਸ੍ਵਰਗ ਵਿੱਚ ਜਰੂਰ ਮਕਾਨ ਵੀ ਹੋਣਗੇ ਰਹਿਣ ਲਈ। ਹੁਣ ਅਸੀਂ ਨਵੀਂ ਦੁਨੀਆਂ ਵਿੱਚ ਜਾਣ ਵਾਲੇ ਹਾਂ ਜਿੰਨਾ ਬਾਪ ਨੂੰ ਯਾਦ ਕਰੋਗੇ ਉਤਨਾ ਗੁਲ - ਗੁਲ ਫੁੱਲ ਬਣੋਂਗੇ। ਅਸੀਂ ਵਿਕਾਰਾਂ ਦੇ ਵਸ਼ ਕੰਡੇ ਬਣ ਗਏ ਸੀ। ਬਾਪ ਜਾਣਦੇ ਹਨ ਮਾਇਆ ਅਧਿਆਂ ਨੂੰ ਤਾਂ ਇੱਕਦਮ ਖਾ ਜਾਂਦੀ ਹੈ। ਤੁਸੀਂ ਵੀ ਸਮਝਦੇ ਹੋ ਜੋ ਨਹੀਂ ਆਉਂਦੇ ਹਨ ਉਹ ਤਾਂ ਮਾਇਆ ਦੇ ਵਸ਼ ਹੋ ਗਏ ਨਾ! ਬਾਪ ਦੇ ਕੋਲ ਤਾਂ ਆਉਂਦੇ ਨਹੀਂ। ਇਵੇਂ ਮਾਇਆ ਬਹੁਤਿਆਂ ਨੂੰ ਹਪ ਕਰ ਲੈਂਦੀ ਹੈ। ਬਹੁਤ ਚੰਗੇ - ਚੰਗੇ ਕਹਿਕੇ ਜਾਂਦੇ ਹਨ - ਅਸੀਂ ਇਵੇਂ ਕਰਾਂਗੇ, ਇਹ ਕਰਾਂਗੇ, ਅਸੀਂ ਤਾਂ ਯਗ ਦੇ ਲਈ ਪ੍ਰਾਣ ਦੇਣ ਲਈ ਤਿਆਰ ਹਾਂ। ਅੱਜ ਉਹ ਹੈ ਨਹੀਂ। ਤੁਹਾਡੀ ਲੜਾਈ ਹੈ ਹੀ ਮਾਇਆ ਦੇ ਨਾਲ। ਦੁਨੀਆਂ ਵਿੱਚ ਇਹ ਕੋਈ ਨਹੀਂ ਜਾਣਦੇ - ਮਾਇਆ ਦੇ ਨਾਲ ਲੜਾਈ ਕਿਵੇਂ ਹੁੰਦੀ ਹੈ। ਹੁਣ ਤੁਸੀਂ ਬੱਚਿਆਂ ਨੂੰ ਬਾਪ ਨੇ ਗਿਆਨ ਦਾ ਤੀਜਾ ਨੇਤਰ ਦਿੱਤਾ ਹੈ, ਜਿਸ ਨਾਲ ਤੁਸੀਂ ਹਨ੍ਹੇਰੇ ਤੋਂ ਸੋਝਰੇ ਵਿੱਚ ਆ ਗਏ ਹੋ। ਆਤਮਾ ਨੂੰ ਹੀ ਇਹ ਗਿਆਨ ਨੇਤਰ ਦਿੰਦੇ ਹਨ ਤਾਂ ਬਾਪ ਕਹਿੰਦੇ ਹਨ ਆਪਣੇ ਨੂੰ ਤੁਸੀਂ ਆਤਮਾ ਸਮਝੋ। ਬੇਹੱਦ ਦੇ ਬਾਪ ਨੂੰ ਯਾਦ ਕਰੋ। ਭਗਤੀ ਵਿੱਚ ਤੁਸੀਂ ਯਾਦ ਕਰਦੇ ਸੀ ਨਾ। ਕਹਿੰਦੇ ਵੀ ਸੀ ਆਪ ਆਓਗੇ ਤਾਂ ਬਲਿਹਾਰ ਜਾਵਾਂਗੇ! ਕਿਵੇਂ ਬਲਿਹਾਰ ਜਾਵਾਂਗੇ! ਇਹ ਥੋੜੀ ਹੀ ਜਾਣਦੇ ਸੀ। ਹੁਣ ਤੁਸੀਂ ਸਮਝਦੇ ਹੋ ਅਸੀਂ ਜਿਵੇਂ ਆਤਮਾ ਹਾਂ ਉਵੇਂ ਬਾਪ ਵੀ ਹੈ। ਬਾਪ ਦਾ ਹੈ ਅਲੌਕਿਕ ਜਨਮ। ਤੁਸੀਂ ਬੱਚਿਆਂ ਨੂੰ ਕਿਵੇਂ ਚੰਗੀ ਤਰ੍ਹਾਂ ਪੜ੍ਹਾਉਂਦੇ ਹਨ! ਖ਼ੁਦ ਕਹਿੰਦੇ ਹੋ ਇਹ ਤਾਂ ਉਹ ਹੀ ਬਾਪ ਹੈ ਜੋ ਕਲਪ - ਕਲਪ ਸਾਡਾ ਬਾਪ ਬਣਦੇ ਹਨ। ਅਸੀਂ ਵੀ ਬਾਬਾ- ਬਾਬਾ ਕਹਿੰਦੇ ਹਾਂ, ਬਾਪ ਵੀ - ਬੱਚੇ ਬੱਚੇ ਕਹਿੰਦੇ ਹਨ। ਉਹ ਹੀ ਟੀਚਰ ਦੇ ਰੂਪ ਵਿੱਚ ਰਾਜਯੋਗ ਸਿਖਾਉਂਦੇ ਹਨ। ਹੋਰ ਤਾਂ ਕੋਈ ਰਾਜਯੋਗ ਸਿਖਾ ਨਾ ਸਕੇ। ਵਿਸ਼ਵ ਦਾ ਤੁਹਾਨੂੰ ਮਾਲਿਕ ਬਣਾਉਂਦੇ ਹਨ ਤਾਂ ਅਜਿਹੇ ਬਾਪ ਦਾ ਬਣਕੇ ਫਿਰ ਉਸੇ ਟੀਚਰ ਦੀ ਸਿੱਖਿਆ ਵੀ ਲੈਣੀ ਚਾਹੀਦੀ ਹੈ ਨਾ। ਖੁਸ਼ੀ ਵਿੱਚ ਗਦਗਦ ਹੋਣਾ ਚਾਹੀਦਾ ਹੈ। ਜੇਕਰ ਛੀ - ਛੀ ਬਣਿਆ ਤਾਂ ਫਿਰ ਉਹ ਖੁਸ਼ੀ ਆਏਗੀ ਨਹੀਂ। ਭਾਵੇਂ ਕਿੰਨਾ ਵੀ ਮੱਥਾ ਮਾਰੇ ਫਿਰ ਜਿਵੇਂ ਉਹ ਸਾਡਾ ਜਾਤੀ ਭਰਾ ਨਹੀਂ। ਇੱਥੇ ਮਨੁੱਖਾਂ ਦੇ ਕਿੰਨੇ ਸਰਨੇਮ ਹੁੰਦੇ ਹਨ। ਤੁਹਾਡਾ ਸਰਨੇਮ ਵੇਖੋ ਕਿੰਨਾ ਵੱਡਾ ਹੈ! ਇਹ ਹੈ ਵੱਡੇ ਤੇ ਵੱਡੇ ਗ੍ਰੇਟ - ਗ੍ਰੇਟ ਗ੍ਰੈਂਡ ਫਾਦਰ ਬ੍ਰਹਮਾ। ਉਨ੍ਹਾਂ ਨੂੰ ਕੋਈ ਜਾਣਦੇ ਹੀ ਨਹੀਂ। ਸ਼ਿਵਬਾਬਾ ਨੂੰ ਤਾਂ ਸਰਵਵਿਆਪੀ ਕਹਿ ਦਿੱਤਾ ਹੈ। ਬ੍ਰਹਮਾ ਦਾ ਵੀ ਕਿਸੇ ਨੂੰ ਵੀ ਪਤਾ ਨਹੀਂ ਪੈਂਦਾ। ਚਿੱਤਰ ਵੀ ਹਨ ਬ੍ਰਹਮਾ - ਵਿਸ਼ਨੂੰ - ਸ਼ੰਕਰ ਦੇ। ਬ੍ਰਹਮਾ ਨੂੰ ਸੂਕ੍ਸ਼੍ਮਵਤਨ ਵਿੱਚ ਲੈ ਗਏ ਹਨ। ਬਾਯੋਗ੍ਰਾਫੀ ਕੁਝ ਨਹੀਂ ਜਾਣਦੇ। ਸੂਕ੍ਸ਼੍ਮਵਤਨ ਵਿੱਚ ਬ੍ਰਹਮਾ ਨੂੰ ਵਿਖਾਉਂਦੇ ਹੈ ਫਿਰ ਪ੍ਰਜਾਪਿਤਾ ਬ੍ਰਹਮਾ ਕਿਥੋਂ ਆਏਗਾ! ਉੱਥੇ ਬੱਚੇ ਅਡੋਪਟ ਕਰਣਗੇ ਕੀ! ਕਿਸੇ ਨੂੰ ਵੀ ਪਤਾ ਨਹੀਂ ਹੈ। ਪ੍ਰਜਾਪਿਤਾ ਬ੍ਰਹਮਾ ਕਹਿੰਦੇ ਹਨ ਪਰ ਬਾਯੋਗ੍ਰਾਫੀ ਨਹੀਂ ਜਾਣਦੇ। ਬਾਬਾ ਨੇ ਸਮਝਾਇਆ ਹੈ ਇਹ ਮੇਰਾ ਰੱਥ ਹੈ। ਬਹੁਤ ਜਨਮਾਂ ਦੇ ਅੰਤ ਵਿੱਚ ਮੈਂ ਇਹ ਆਧਾਰ ਲੀਤਾ ਹੈ। ਇਹ ਪੁਰਸ਼ੋਤਮ ਸੰਗਮਯੁਗ ਗੀਤਾ ਦਾ ਐਪੀਸੋਡ ਹੈ। ਪਵਿੱਤਰਤਾ ਹੀ ਮੁੱਖ ਹੈ। ਪਤਿਤ ਤੋਂ ਪਾਵਨ ਬਣਨਾ ਕਿਵੇਂ ਹੈ, ਇਹ ਦੁਨੀਆਂ ਵਿੱਚ ਕਿਸੇ ਨੂੰ ਵੀ ਪਤਾ ਨਹੀਂ ਹੈ। ਸਾਧੂ - ਸੰਤ ਆਦਿ ਕਦੀ ਇਵੇਂ ਨਹੀਂ ਕਹਿਣਗੇ ਕਿ ਦੇਹ ਸਹਿਤ ਸਭ ਨੂੰ ਭੁੱਲੋ। ਇੱਕ ਬਾਪ ਨੂੰ ਯਾਦ ਕਰੋ ਤਾਂ ਮਾਇਆ ਦੇ ਪਾਪ ਕਰਮ ਸਭ ਭਸਮ ਹੋ ਜਾਣਗੇ। ਕੋਈ ਗੁਰੂ ਇਵੇਂ ਕਦੀ ਨਹੀਂ ਕਹਿਣਗੇ।

ਬਾਪ ਸਮਝਾਉਂਦੇ ਹਨ - ਇਹ ਬ੍ਰਹਮਾ ਕਿਵੇਂ ਬਣਦਾ ਹੈ? ਛੋਟੇਪਨ ਵਿੱਚ ਗਾਂਵੜੇ ਦਾ ਛੋਰਾ ਸੀ। ਚੌਰਾਸੀ ਜਨਮ ਲੀਤੇ ਹਨ, ਫਸਟ ਤੋਂ ਲੈਕੇ ਲਾਸ੍ਟ ਤੱਕ। ਤਾਂ ਨਵੀਂ ਦੁਨੀਆਂ ਸੋ ਫਿਰ ਪੁਰਾਣੀ ਹੋ ਜਾਂਦੀ ਹੈ। ਹੁਣ ਤੁਸੀਂ ਬੱਚਿਆਂ ਦੀ ਬੁੱਧੀ ਦਾ ਤਾਲਾ ਖੁਲਿਆ ਹੈ। ਤੁਸੀਂ ਸਮਝ ਸਕਦੇ ਹੋ, ਧਾਰਨਾ ਕਰ ਸਕਦੇ ਹੋ। ਹੁਣ ਤੁਸੀਂ ਬੁੱਧੀਮਾਨ ਬਣੇ ਹੋ। ਅੱਗੇ ਬੁੱਧੀਹੀਣ ਸੀ। ਇਹ ਲਕਸ਼ਮੀ - ਨਾਰਾਇਣ ਬੁੱਧੀਵਾਨ ਹਨ ਅਤੇ ਇੱਥੇ ਬੁੱਧੀਹੀਣ ਹਨ। ਸਾਹਮਣੇ ਵੇਖੋ ਇਹ ਪੈਰਾਡਾਇਜ਼ ਦੇ ਮਾਲਿਕ ਹਨ ਨਾ। ਕ੍ਰਿਸ਼ਨ ਸ੍ਵਰਗ ਦਾ ਮਾਲਿਕ ਸੀ ਫਿਰ ਗਾਂਵੜੇ ਦਾ ਛੋਰਾ ਬਣਿਆ ਹਾਂ। ਤੁਸੀਂ ਬੱਚਿਆਂ ਨੂੰ ਇਹ ਧਾਰਨ ਕਰ ਪਵਿੱਤਰ ਵੀ ਜਰੂਰ ਬਣਨਾ ਹੈ। ਮੁੱਖ ਹੈ ਹੀ ਪਵਿੱਤਰਤਾ ਦੀ ਗੱਲ । ਲਿਖਦੇ ਵੀ ਹਨ - ਬਾਬਾ, ਮਾਇਆ ਨੇ ਸਾਨੂੰ ਡਿੱਗਾ ਦਿੱਤਾ। ਅੱਖਾਂ ਕ੍ਰਿਮੀਨਲ ਬਣ ਗਈਆਂ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਬਸ ਹੁਣ ਤਾਂ ਘਰ ਜਾਣਾ ਹੈ। ਬਾਪ ਨੂੰ ਯਾਦ ਕਰਨਾ ਹੈ। ਥੋੜੇ ਟਾਈਮ ਦੇ ਲਈ, ਸ਼ਰੀਰ ਨਿਰਵਾਹ ਦੇ ਲਈ ਕਰਮ ਕਰ ਫਿਰ ਅਸੀਂ ਚਲੇ ਜਾਂਦੇ ਹਾਂ। ਇਸ ਪੁਰਾਣੀ ਦੁਨੀਆਂ ਦੇ ਵਿਨਾਸ਼ ਦੇ ਲਈ ਲੜਾਈ ਵੀ ਲੱਗਦੀ ਹੈ। ਇਹ ਵੀ ਤੁਸੀਂ ਵੇਖਣਾ - ਕਿਵੇਂ ਲੱਗਦੀ ਹੈ? ਬੁੱਧੀ ਤੋਂ ਸਮਝਦੇ ਹਨ ਅਸੀਂ ਦੇਵਤਾ ਬਣਦੇ ਹਾਂ ਤਾਂ ਸਾਨੂੰ ਨਵੀਂ ਦੁਨੀਆਂ ਵੀ ਚਾਹੀਦੀ ਹੈ ਇਸਲਈ ਵਿਨਾਸ਼ ਜਰੂਰ ਹੋਵੇਗਾ। ਅਸੀਂ ਆਪਣੀ ਨਵੀਂ ਦੁਨੀਆਂ ਸਥਾਪਨ ਕਰ ਰਹੇ ਹਾਂ ਸ਼੍ਰੀਮਤ ਤੇ।

ਬਾਪ ਕਹਿੰਦੇ ਹਨ - ਮੈਂ ਤੁਹਾਡੀ ਸੇਵਾ ਵਿੱਚ ਹਾਜ਼ਿਰ ਹੁੰਦਾ ਹਾਂ। ਤੁਸੀਂ ਡਿਮਾਂਡ ਕੀਤੀ ਹੈ ਕਿ ਅਸੀਂ ਪਤਿਤਾਂ ਨੂੰ ਆਕੇ ਪਾਵਨ ਬਣਾਓ ਤਾਂ ਤੁਹਾਡੇ ਕਹਿਣ ਨਾਲ ਮੈਂ ਆਇਆ ਹਾਂ, ਤੁਹਾਨੂੰ ਰਸਤਾ ਦੱਸਦਾ ਹਾਂ ਬਹੁਤ ਸਹਿਜ। ਮਨਮਨਾਭਵ। ਭਗਵਾਨੁਵਾਚ ਹੈ ਨਾ ਸਿਰਫ

ਕ੍ਰਿਸ਼ਨ ਦਾ ਨਾਮ ਦੇ ਦਿੱਤਾ ਹੈ। ਬਾਪ ਦੇ ਨੇਕਸਟ(ਅਗਲਾ) ਹਨ ਕ੍ਰਿਸ਼ਨ। ਇਹ ਪਰਮਧਾਮ ਦਾ ਮਾਲਿਕ, ਵਿਸ਼ਵ ਦਾ ਮਾਲਿਕ। ਸੂਕਸ਼ਮਵਤਨ ਵਿੱਚ ਤਾਂ ਕੁਝ ਹੁੰਦਾ ਹੀ ਨਹੀਂ ਹੈ। ਸਾਰਿਆਂ ਤੋਂ ਨੰਬਰਵਨ ਹੈ ਸ਼੍ਰੀਕ੍ਰਿਸ਼ਨ, ਜਿਸ ਨੂੰ ਬਹੁਤ ਪਿਆਰ ਕਰਦੇ ਹਨ। ਬਾਕੀ ਤਾਂ ਪਿਛੇ - ਪਿਛੇ ਆਏ ਹਨ। ਸ੍ਵਰਗ ਵਿੱਚ ਤਾਂ ਸਾਰੇ ਜਾ ਨਾ ਸਕਣ। ਤਾਂ ਮਿੱਠੇ - ਮਿੱਠੇ ਬੱਚਿਆਂ ਨੂੰ ਹੱਡੀ ਖੁਸ਼ੀ ਰਹਿਣੀ ਚਾਹੀਦੀ ਹੈ। ਅਰਟੀਫ਼ਿਸ਼ੀਅਲ਼ ਖੁਸ਼ੀ ਨਹੀਂ ਚਲ ਸਕਦੀ। ਬਾਹਰ ਤੋਂ ਕਿਸਮ - ਕਿਸਮ ਦੇ ਬੱਚੇ ਬਾਬਾ ਦੇ ਕੋਲ ਆਉਂਦੇ ਸੀ, ਕਦੇ ਪਵਿੱਤਰ ਨਹੀਂ ਰਹਿੰਦੇ। ਬਾਬਾ ਸਮਝਾਉਂਦੇ ਸੀ ਵਿਕਾਰ ਵਿੱਚ ਜਾਂਦੇ ਹੋ ਤਾਂ ਫਿਰ ਆਉਂਦੇ ਹੀ ਕਿਓਂ ਹੋ, ਕਹਿੰਦੇ ਸੀ - ਕੀ ਕਰੀਏ, ਰਹਿ ਨਹੀਂ ਸਕਦੇ। ਰੋਜ਼ ਆਉਂਦਾ ਹਾਂ , ਨਾ ਜਾਨੇ ਕੱਦ ਕੋਈ ਇਵੇਂ ਤੀਰ ਲੱਗ ਜਾਏ। ਤੁਹਾਡੇ ਬਗੈਰ ਸਦਗਤੀ ਕੌਣ ਕਰੇਗਾ। ਆਕੇ ਬੈਠ ਜਾਂਦੇ ਸੀ। ਮਾਇਆ ਬਹੁਤ ਪ੍ਰਬਲ ਹੈ। ਨਿਸ਼ਚਾ ਵੀ ਹੁੰਦਾ ਹੈ - ਬਾਬਾ ਸਾਨੂੰ ਪਤਿਤ ਤੋਂ ਪਾਵਨ ਗੁਲ - ਗੁਲ ਬਣਾਉਂਦੇ ਹਨ। ਪਰ ਕੀ ਕਰੀਏ, ਫਿਰ ਵੀ ਸੱਚ ਤਾਂ ਬੋਲਦਾ ਸੀ - ਹੁਣ ਜਰੂਰ ਉਹ ਸੁਧਰ ਗਿਆ ਹੋਵੇਗਾ। ਉਨ੍ਹਾਂ ਨੂੰ ਇਹ ਨਿਸਚਾ ਸੀ - ਇਨ੍ਹਾਂ ਦਵਾਰਾ ਹੀ ਅਸੀਂ ਸੁਧਰਾਂਗੇ।

ਇਸ ਸਮੇਂ ਕਿੰਨੇ ਐਕਟਰਸ ਹਨ। ਇੱਕ ਦੇ ਫੀਚਰਸ ਨਾ ਮਿਲਣ ਦੂਜੇ ਨਾਲ। ਫਿਰ ਕਲਪ ਬਾਦ ਉਸ ਹੀ ਫੀਚਰਸ ਤੋਂ ਪਾਰ੍ਟ ਰਿਪੀਟ ਕਰਨਗੇ। ਆਤਮਾਵਾਂ ਤਾਂ ਸਭ ਫਿਕਸ ਹਨ ਨਾ। ਸਾਰੇ ਐਕਟਰਸ ਬਿਲਕੁਲ ਏਕੁਰੇਟ ਪਾਰ੍ਟ ਵਜਾਉਂਦੇ ਰਹਿੰਦੇ ਹਨ। ਕੁਝ ਵੀ ਫਰਕ ਹੋ ਨਹੀਂ ਸਕਦਾ ਸਾਰੀਆਂ ਆਤਮਾਵਾਂ ਅਵਿਨਾਸ਼ੀ ਹਨ। ਉਨ੍ਹਾਂ ਵਿੱਚ ਪਾਰ੍ਟ ਵੀ ਅਵਿਨਾਸ਼ੀ ਨੂੰਦਿਆ ਹੋਇਆ ਹੈ। ਕਿੰਨੀਆਂ ਸਮਝਾਉਣ ਦੀਆਂ ਗੱਲਾਂ ਹਨ। ਕਿੰਨਾ ਸਮਝਾਉਂਦੇ ਹਨ ਫਿਰ ਵੀ ਭੁੱਲ ਜਾਂਦੇ ਹਨ। ਸਮਝਾ ਨਹੀਂ ਸਕਦੇ ਹਨ। ਇਹ ਵੀ ਡਰਾਮਾ ਵਿੱਚ ਹੋਣਾ ਹੈ। ਹਰ ਕਲਪ ਰਜਾਈ ਤਾਂ ਸਥਾਪਨ ਹੁੰਦੀ ਹੀ ਹੈ। ਸਤਿਯੁਗ ਵਿੱਚ ਆਉਂਦੇ ਹੀ ਥੋੜੇ ਹਨ - ਸੋ ਵੀ ਨੰਬਰਵਾਰ। ਇੱਥੇ ਵੀ ਨੰਬਰਵਾਰ ਹਨ ਨਾ। ਇੱਕ ਦਾ ਪਾਰ੍ਟ ਇੱਕ ਹੀ ਜਾਣੇ, ਦੂਜਾ ਕੋਈ ਜਾਣ ਨਹੀਂ ਸਕਦਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸੱਚੇ ਬਾਪ ਦੇ ਨਾਲ ਹਮੇਸ਼ਾ ਸੱਚਾ ਰਹਿਣਾ ਹੈ। ਬਾਪ ਤੇ ਪੂਰਾ - ਪੂਰਾ ਬਲਿਹਾਰ ਜਾਣਾ ਹੈ।

2. ਗਿਆਨ ਨੂੰ ਧਾਰਨ ਕਰ ਬੁੱਧੀਵਾਨ ਬਣਨਾ ਹੈ। ਅੰਦਰ ਤੋਂ ਹੱਡੀ (ਜਿਗਰੀ) ਖੁਸ਼ੀ ਵਿੱਚ ਰਹਿਣਾ ਹੈ। ਕੋਈ ਵੀ ਸ਼੍ਰੀਮਤ ਦੇ ਵਿਰੁੱਧ ਕੰਮ ਕਰਕੇ ਖੁਸ਼ੀ ਗੁੰਮ ਨਹੀਂ ਕਰਨੀ ਹੈ।

ਵਰਦਾਨ:- ਡਰਾਮੇ ਦੀ ਪੁਆਇੰਟ ਦੇ ਅਨੁਭਵ ਦ੍ਵਾਰਾ ਸਾਕਸ਼ੀਪਨ ਦੀ ਸਟੇਜ ਤੇ ਰਹਿਣ ਵਾਲੇ ਅਚਲ ਅਡੋਲ ਭਵ।

ਡਰਾਮੇ ਦੀ ਪੁਆਇੰਟ ਦੇ ਜੋ ਅਨੁਭਵੀ ਹਨ ਉਹ ਸਦਾ ਸਾਕਸ਼ੀਪਨ ਦੀ ਸਟੇਜ ਤੇ ਸਥਿਤ ਰਹਿ ਇੱਕਰਸ, ਅਚਲ - ਅਡੋਲ ਸਥਿਤੀ ਦਾ ਅਨੁਭਵ ਕਰਦੇ ਹਨ। ਡਰਾਮੇ ਦੀ ਪੁਆਇੰਟ ਦੀ ਅਨੁਭਵੀ ਆਤਮਾ ਕਦੇ ਵੀ ਬੁਰੇ ਵਿਚ ਬੁਰਾਈ ਨੂੰ ਨਾ ਵੇਖ ਅੱਛਾਈ ਹੀ ਦੇਖੇਗੀ ਮਤਲਬ ਸਵ - ਕਲਿਆਣ ਦਾ ਰਸਤਾ ਵਿਖਾਈ ਦੇਵੇਗਾ। ਅਕਲਿਆਣ ਦਾ ਖਾਤਾ ਖਤਮ ਹੋਇਆ। ਕਲਿਆਣਕਾਰੀ ਬਾਪ ਦੇ ਬੱਚੇ ਹਾਂ, ਕਲਿਆਣਕਾਰੀ ਯੁੱਗ ਹੈ - ਇਸ ਨਾਲੇਜ ਅਤੇ ਅਨੁਭਵ ਦੀ ਅਥਾਰਟੀ ਨਾਲ ਅਚਲ - ਅਡੋਲ ਬਣੋ।

ਸਲੋਗਨ:- ਜੋ ਸਮੇਂ ਨੂੰ ਅਮੁੱਲ ਸਮਝਕੇ ਸਫਲ ਕਰਦੇ ਹਨ, ਉਹ ਸਮੇਂ ਤੇ ਧੋਖਾ ਨਹੀਂ ਖਾਂਦੇ।

******

ਅਵਿੱਅਕਤ ਇਸ਼ਾਰੇ - ਇਸ ਅਵਿੱਅਕਤ ਮਹੀਨੇ ਵਿੱਚ ਬੰਧਨਮੁਕਤ ਰਹਿ ਜੀਵਨਮੁਕਤ ਸਥਿਤੀ ਦਾ ਅਨੁਭਵ ਕਰੋ

ਗਿਆਨ - ਖਜਾਨੇ ਦ੍ਵਾਰਾ ਇਸ ਸਮੇਂ ਹੀ ਮੁਕਤੀ ਜੀਵਨਮੁਕਤੀ ਦਾ ਅਨੁਭਵ ਕਰਨਾ ਹੈ। ਜੋ ਵੀ ਦੁੱਖ ਸਤੇ ਅਸ਼ਾਂਤੀ ਦੇ ਕਾਰਣ ਹਨ, ਵਿਕਾਰ ਹਨ ਉਨ੍ਹਾਂ ਤੋਂ ਮੁਕਤ ਹੋਣਾ ਹੈ। ਜੇਕਰ ਕੋਈ ਵਿਕਾਰ ਆਉਂਦੇ ਵੀ ਹਨ ਤਾਂ ਵਿਜੇਈ ਬਣ ਜਾਣਾ ਹੈ, ਹਾਰ ਨਹੀਂ ਖਾਣੀ ਹਰ। ਅਨੇਕ ਵਿਅਰਥ ਸੰਕਲਪ ਅਤੇ ਵਿਕਲਪ, ਵਿਕਰਮਾਂ ਤੋਂ ਮੁਕਤ ਬਣਨਾ - ਇਹ ਹੀ ਜੀਵਨਮੁਕਤ ਅਵਸਥਾ ਹੈ।